**International Journal of Research in Social Sciences**
Vol. 10 Issue 1, January 2020,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

# ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਿਕ ਹਾਲਾਤ

**ਮਨਦੀਪ ਕੌਰ**,
ਰਿਸਰਚ ਸਕਾਲਰ, ਇਤਿਹਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸਾਰ:-** ਭਾਰਤੀ ਸਮਾਜ ਵਿੱਚ 16ਵੀਂ ਸਦੀ ਵੇਲੇ ਮੁਸਲਿਮ ਸ਼ਾਸਕਾਂ ਦਾ ਰਾਜ ਹੋਣ ਕਾਰਨ ਮੁਸਲਮਾਨ ਵਰਗ ਦੀ ਸਥਿਤੀ ਬਹੁਤ ਚੰਗੀ ਸੀ ਜਦੋਂ ਕਿ ਹਿੰਦੂ ਲੋਕਾਂ ਦੀ ਸਥਿਤੀ ਬਹੁਤ ਖ਼ਰਾਬ ਸੀ। ਹਿੰਦੂਆਂ 'ਤੇ ਮੁਸਲਿਮ ਸ਼ਾਸਕਾਂ ਵੱਲੋਂ ਬਹੁਤ ਜ਼ਿਆਦਾ ਅੱਤਿਆਚਾਰ ਕੀਤੇ ਜਾਂਦੇ ਸਨ ਅਤੇ ਉਨ੍ਹਾਂ ਨੂੰ 'ਕਾਫ਼ਰ' ਕਹਿ ਕੇ ਬੁਲਾਇਆ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਨੇ ਸਮਾਜ ਦੇ ਹਾਲਾਤਾਂ ਨੂੰ ਸੁਧਾਰਨ ਲਈ ਬਹੁਤ ਸਾਰੇ ਯਤਨ ਕੀਤੇ। ਗੁਰੂ ਨਾਨਕ ਦੇਵ ਜੀ ਦੇ ਸਮੇਂ ਨੀਵੀਂ ਜਾਤੀ ਦੇ ਲੋਕਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਜਾਂਦਾ ਸੀ। ਸਮਾਜ ਵਿੱਚ ਮੁਸਲਿਮ ਵਰਗ ਦਾ ਬੋਲਬਾਲਾ ਹੋਣ ਕਰਕੇ ਉਨ੍ਹਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲੀਆਂ ਹੋਈਆਂ ਸਨ। 16ਵੀਂ ਸਦੀ ਦੇ ਸ਼ੁਰੂ ਵਿੱਚ ਮੁਸਲਮਾਨ ਲੋਕ ਮਦਰੱਸਿਆਂ ਅਤੇ ਮਸਜਿਦਾਂ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ। ਉੱਚੇਰੀ ਸਿੱਖਿਆ ਮਦਰੱਸਿਆਂ ਵਿੱਚ ਦਿੱਤੀ ਜਾਂਦੀ ਸੀ। ਉਸ ਸਮੇਂ ਲਾਹੌਰ, ਮੁਲਤਾਨ ਅਤੇ ਜਲੰਧਰ ਸਿੱਖਿਆ ਦੇ ਮੁੱਖ ਕੇਂਦਰ ਸਨ। ਮੁਸਲਮਾਨ ਸਮਾਜ ਵਿੱਚ ਇਸਤਰੀਆਂ ਦੀ ਸਥਿਤੀ ਚੰਗੀ ਨਹੀਂ ਸੀ। ਉਨ੍ਹਾਂ ਨੂੰ ਭੋਗ-ਵਿਲਾਸ ਦੀ ਵਸਤੂ ਅਤੇ ਪੈਰ ਦੀ ਜੁੱਤੀ ਦੇ ਸਮਾਨ ਸਮਝਿਆ ਜਾਂਦਾ ਸੀ। ਇਸਤਰੀਆਂ ਦੀ ਸਿੱਖਿਆ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਜਾਂਦਾ ਸੀ। ਮੁਸਲਮਾਨ ਸਮਾਜ ਵਿੱਚ ਬਹੁ-ਪਤਨੀ ਵਿਆਹ, ਪਰਦਾ-ਪ੍ਰਥਾ ਅਤੇ ਤਲਾਕ ਵਰਗੀਆਂ ਪ੍ਰਥਾਵਾਂ ਨੇ ਇਸਤਰੀਆਂ ਦੀ ਸਥਿਤੀ ਨੂੰ ਸਮਾਜ ਵਿੱਚ ਹੋਰ ਵੀ ਖ਼ਰਾਬ ਕਰ ਦਿੱਤਾ ਸੀ। ਉੱਚ ਸ਼੍ਰੇਣੀ ਦੇ ਲੋਕ ਭੋਜਨ ਵਿੱਚ ਮੀਟ, ਮਿਰਚ, ਮਸਾਲੇ, ਸ਼ਰਬਤ, ਸ਼ਰਾਬ ਅਤੇ ਹੋਰ ਕਈ ਤਰ੍ਹਾਂ ਦੇ ਪਕਵਾਨਾਂ ਦੀ ਵਰਤੋਂ ਕਰਦੇ ਸਨ। ਮੱਧ ਸ਼੍ਰੇਣੀ ਦੇ ਲੋਕ ਸਾਦਾ ਭੋਜਨ ਖਾਂਦੇ ਸਨ ਜਦੋਂ ਕਿ ਨੀਵੀਂ ਜਾਤੀ ਦੇ ਲੋਕ ਪੇਟ ਭਰਨ ਲਈ ਜੋ ਵੀ ਮਿਲਦਾ ਉਹ ਖਾ ਲੈਂਦੇ ਸਨ। ਉਸ ਸਮੇਂ ਤਿੰਨਾਂ ਸ਼੍ਰੇਣੀਆਂ ਦੇ ਪਹਿਰਾਵੇ ਦਾ ਵੀ ਬਹੁਤ ਅੰਤਰ ਸੀ। ਉੱਚ ਜਾਤੀ ਦੇ ਮੁਸਲਮਾਨ ਮਰਦ ਅਤੇ ਇਸਤਰੀਆਂ ਦੀਆਂ ਪੁਸ਼ਾਕਾਂ ਰੇਸ਼ਮੀ ਅਤੇ ਮਖ਼ਮਲੀ ਹੁੰਦੀਆਂ ਸਨ, ਜਿਨ੍ਹਾਂ ਦੀ ਕੀਮਤ ਬਹੁਤ ਜ਼ਿਆਦਾ ਹੁੰਦੀ ਸੀ। ਦੂਜੀ ਅਤੇ ਤੀਜੀ ਜਾਤੀ ਦੇ ਲੋਕ ਸਾਦੇ ਸੂਤੀ ਕੱਪੜੇ ਪਹਿਨਦੇ ਸਨ। ਮੁਸਲਮਾਨ ਆਪਣਾ ਮਨੋਰੰਜਨ ਕਰਨ ਲਈ ਸ਼ਿਕਾਰ ਖੇਡਦੇ ਸਨ, ਇਸ ਦੇ ਨਾਲ ਹੀ ਉਹ ਆਪਣਾ ਮਨੋਰੰਜਨ ਘੋੜ-ਦੌੜ ਅਤੇ ਜਾਨਵਰਾਂ ਦੀਆਂ ਲੜਾਈਆਂ ਦੇਖ ਕੇ, ਚੌਗਾਨ ਅਤੇ ਸ਼ਤਰੰਜ ਖੇਡ ਕੇ ਅਤੇ ਨਾਚ-ਗਾਣਾ ਦੇਖ ਕੇ ਕਰਦੇ ਸਨ। ਮੁਸਲਮਾਨ ਵਰਗ ਦਾ ਰਾਜ ਹੋਣ ਕਾਰਨ ਹਿੰਦੂਆਂ ਨੂੰ ਘਟੀਆ ਮੰਨਿਆ ਜਾਂਦਾ ਸੀ। ਮੁਸਲਮਾਨ ਸ਼ਾਸਕਾਂ ਦੁਆਰਾ ਉਨ੍ਹਾਂ 'ਤੇ ਬਹੁਤ ਅੱਤਿਆਚਾਰ ਕੀਤੇ ਜਾਂਦੇ ਸਨ ਅਤੇ ਉਨ੍ਹਾਂ 'ਤੇ ਜਜ਼ੀਆ ਨਾਂ ਦਾ ਇੱਕ ਧਾਰਮਿਕ ਕਰ ਲਗਾਇਆ ਹੋਇਆ ਸੀ, ਜੋ ਕਿ ਉਨ੍ਹਾਂ ਨੂੰ ਆਪਣੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਸਮੇਂ ਦੇਣਾ ਪੈਂਦਾ ਸੀ। ਹਿੰਦੂ ਧਰਮ ਵਿੱਚ ਫ਼ੈਲੇ ਅੰਧ-ਵਿਸ਼ਵਾਸ ਨੇ ਉਨ੍ਹਾਂ ਦੀ ਸਥਿਤੀ ਹੋਰ ਵੀ ਖ਼ਰਾਬ ਕਰ ਦਿੱਤੀ ਸੀ। ਹਿੰਦੂ ਸਮਾਜ ਮੁੱਖ ਚਾਰ ਜਾਤਾਂ ਵਿੱਚ ਵੰਡਿਆ ਹੋਇਆ ਸੀ, ਜਿਨ੍ਹਾਂ ਵਿੱਚ ਬ੍ਰਾਹਮਣ, ਕਸ਼ੱਤਰੀ (ਖੱਤਰੀ), ਵੈਸ਼ ਅਤੇ ਸ਼ੂਦਰ ਸ਼ਾਮਿਲ ਸਨ। ਹਿੰਦੂ ਸਮਾਜ ਵਿੱਚ ਸਭ ਤੋਂ ਉੱਚਾ ਸਥਾਨ ਬ੍ਰਾਹਮਣਾਂ ਨੂੰ ਪ੍ਰਾਪਤ ਹੁੰਦਾ ਸੀ। ਇਸ ਸਮੇਂ ਬ੍ਰਾਹਮਣਾਂ ਦੇ ਜੀਵਨ ਵਿੱਚ ਬਹੁਤ ਗਿਰਾਵਟ ਆ ਚੁੱਕੀ ਸੀ। ਉਹ ਧਰਮ ਦੇ ਨਾਂ 'ਤੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ। ਖੱਤਰੀ ਜਾਤੀ ਦੇ ਲੋਕਾਂ ਨੇ ਦੁਕਾਨਦਾਰੀ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਵੈਸ਼ ਸ਼ੁਰੂ ਤੋਂ ਹੀ ਵਪਾਰ ਅਤੇ ਖੇਤੀਬਾੜੀ ਦਾ ਕੰਮ ਕਰਦੇ ਸਨ। ਸ਼ੂਦਰਾਂ ਨੂੰ ਸਭ ਤੋਂ ਨੀਵੇਂ ਦਰਜੇ ਦੇ ਮੰਨਿਆ ਜਾਂਦਾ ਸੀ ਅਤੇ ਉਨ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਸੀ।

**ਮੁੱਖ ਸ਼ਬਦ:-** ਸਮਾਜ, ਗੁਰੂ ਨਾਨਕ ਦੇਵ ਜੀ, ਹਿੰਦੂ, ਮੁਸਲਮਾਨ, ਭਾਰਤ, ਪੰਜਾਬ।

**ਜਾਣ-ਪਛਾਣ:-** ਗੁਰੂ ਨਾਨਕ ਦੇਵ ਜੀ ਨੇ 16ਵੀਂ ਸਦੀ ਵਿੱਚ ਸਿੱਖਾਂ ਦੇ ਪਹਿਲੇ ਗੁਰੂ ਸਾਹਿਬ ਹੋਣ ਨਾਤੇ ਸਿੱਖ ਧਰਮ ਦੀ ਨੀਂਹ ਰੱਖੀ। ਉਸ ਸਮੇਂ ਭਾਰਤ ਅਤੇ ਪੰਜਾਬ ਦੀ ਸਮਾਜਿਕ ਸਥਿਤੀ ਬਹੁਤ ਹੀ ਖ਼ਰਾਬ ਸੀ। ਭਾਰਤੀ ਸਮਾਜ ਦੋ ਸੰਪਰਦਾਵਾਂ ਹਿੰਦੂ ਅਤੇ ਮੁਸਲਮਾਨਾਂ ਵਿੱਚ ਵੰਡਿਆ ਹੋਇਆ ਸੀ। ਭਾਰਤ ਦੇ ਦੂਜੇ ਪ੍ਰਾਂਤਾਂ ਤੋਂ ਪਹਿਲਾਂ ਇਸਲਾਮ ਧਰਮ ਦਾ ਪ੍ਰਸਾਰ ਪੰਜਾਬ ਵਿੱਚ ਹੋਇਆ

ਅਤੇ ਇਸਲਾਮ ਦਾ ਸਭ ਤੋਂ ਵੱਧ ਪ੍ਰਭਾਵ ਪੰਜਾਬ ਨੇ ਹੀ ਕਬੂਲਿਆ ਕਿਉਂਕਿ ਪਿਛਲੀਆਂ ਲਗਭਗ ਪੰਜ ਸਦੀਆਂ ਤੋਂ ਮੁਸਲਮਾਨਾਂ ਦਾ ਪੰਜਾਬ 'ਤੇ ਅਧਿਕਾਰ ਰਿਹਾ ਸੀ। ਆਪਸੀ ਮੇਲ-ਜੋਲ ਕਾਰਨ ਹਿੰਦੂਆਂ ਅਤੇ ਮੁਸਲਮਾਨਾਂ ਨੇ ਇੱਕ-ਦੂਜੇ ਤੋਂ ਬਹੁਤ ਕੁਝ ਸਿੱਖਿਆ ਪਰ ਫਿਰ ਵੀ ਇਨ੍ਹਾਂ ਦੋਹਾਂ ਸੰਪਰਦਾਵਾਂ ਦੀ ਸਮਾਜ ਵਿੱਚ ਸਥਿਤੀ, ਵਿਚਾਰਧਾਰਾ, ਰਹਿਣ-ਸਹਿਣ ਆਦਿ ਬਿਲਕੁਲ ਹੀ ਵੱਖੋ-ਵੱਖਰੇ ਸਨ।

**ਮੁਸਲਮਾਨਾਂ ਦੀ ਸਥਿਤੀ-** ਭਾਰਤ ਅਤੇ ਪੰਜਾਬ ਵਿੱਚ ਇਸਲਾਮ ਧਰਮ ਦਾ ਰਾਜ ਹੋਣ ਕਰਕੇ ਮੁਸਲਮਾਨਾਂ ਦੀ ਸਥਿਤੀ ਬਹੁਤ ਵਧੀਆ ਸੀ। 11ਵੀਂ ਸਦੀ ਦੇ ਸ਼ੁਰੂ ਵਿੱਚ ਮਹਿਮੂਦ ਗਜ਼ਨਵੀ ਨੇ ਪੰਜਾਬ ਨੂੰ ਜਿੱਤ ਲਿਆ ਸੀ, ਜਿਸ ਤੋਂ ਬਾਅਦ ਪੰਜਾਬ ਦਾਸ, ਖ਼ਿਲਜੀ, ਤੁਗ਼ਲਕ, ਸੱਯਦ ਅਤੇ ਲੋਧੀ ਆਦਿ ਵੰਸ਼ਾਂ ਦੇ ਰਾਜ ਦਾ ਭਾਗ ਰਿਹਾ। ਮੁਸਲਮਾਨ ਹੁਣ ਪੱਕੇ ਤੌਰ 'ਤੇ ਪੰਜਾਬ ਦੇ ਵਸਨੀਕ ਬਣ ਚੁੱਕੇ ਸਨ ਅਤੇ ਉਨ੍ਹਾਂ ਨੇ ਇੱਥੋਂ ਦੀਆਂ ਇਸਤਰੀਆਂ ਨਾਲ ਵਿਆਹ ਕਰਵਾ ਲਏ ਸਨ। ਮੁਸਲਿਮ ਹਮਲਾਵਰਾਂ ਦੇ ਡਰ ਤੋਂ ਕਈ ਨੀਵੀਂਆਂ ਜਾਤੀਆਂ ਦੇ ਹਿੰਦੂ ਲੋਕਾਂ ਨੇ ਸੂਫ਼ੀ ਫ਼ਕੀਰਾਂ ਦੇ ਪ੍ਰਭਾਵ ਵਿੱਚ ਇਸਲਾਮ ਧਰਮ ਅਪਣਾ ਲਿਆ ਸੀ, ਜਿਸ ਨਾਲ 16ਵੀਂ ਸਦੀ ਦੇ ਸ਼ੁਰੂ ਵਿੱਚ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਮੁਸਲਮਾਨਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੋ ਗਈ ਸੀ। ਮੁਸਲਮਾਨਾਂ ਦੀ ਸਥਿਤੀ ਵਧੀਆ ਹੋਣ ਕਾਰਨ ਲੋਕ ਉਨ੍ਹਾਂ ਦਾ ਬਹੁਤ ਆਦਰ-ਸਤਿਕਾਰ ਕਰਦੇ ਸਨ। ਸਰਕਾਰੀ ਨੌਕਰੀਆਂ ਦੇ ਮਸਲਿਆਂ ਵਿੱਚ ਉਨ੍ਹਾਂ ਦਾ ਪੱਖ ਪੂਰਿਆ ਜਾਂਦਾ ਸੀ।[1]

**ਮੁਸਲਮਾਨਾਂ ਦੀਆਂ ਤਿੰਨ ਸ਼੍ਰੇਣੀਆਂ-** ਸਮਾਜਿਕ ਦ੍ਰਿਸ਼ਟੀ ਤੋਂ ਮੁਸਲਿਮ ਵਰਗ ਦੇ ਲੋਕਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ:

1. **ਉੱਚ ਸ਼੍ਰੇਣੀ-** ਸਰਦਾਰ, ਇਕਤਾਦਾਰ, ਉਲਮਾ ਆਦਿ।
2. **ਮੱਧ ਸ਼੍ਰੇਣੀ-** ਕਿਸਾਨ, ਸੈਨਿਕ, ਵਪਾਰੀ, ਛੋਟੇ ਕਰਮਚਾਰੀ ਆਦਿ।
3. **ਹੇਠਲੀ ਸ਼੍ਰੇਣੀ-** ਕਿਰਤੀ, ਦਾਸ, ਸੇਵਕ ਆਦਿ।

1. **ਉੱਚ ਸ਼੍ਰੇਣੀ-** ਉੱਚ ਸ਼੍ਰੇਣੀ ਵਿੱਚ ਸਰਦਾਰ, ਇਕਤਾਦਾਰ, ਉਲਮਾ, ਵੱਡੇ ਸਰਕਾਰੀ ਅਧਿਕਾਰੀ, ਖ਼ਾਨ, ਸ਼ੇਖ, ਮਲਿਕ, ਸੱਯਦ, ਕਾਜ਼ੀ ਆਦਿ ਸ਼ਾਮਿਲ ਸਨ। 'ਇਕਤਾਦਾਰ' ਉਨ੍ਹਾਂ ਸਰਦਾਰਾਂ ਨੂੰ ਕਹਿੰਦੇ ਸਨ, ਜਿਨ੍ਹਾਂ ਨੂੰ ਸਰਕਾਰ ਵੱਲੋਂ ਕੁਝ ਨਿਸ਼ਚਿਤ ਇਲਾਕੇ ਮਿਲੇ ਹੁੰਦੇ ਸਨ ਜਾਂ ਜਿਨ੍ਹਾਂ ਨੂੰ ਕੁਝ ਜ਼ਮੀਨਾਂ ਤੋਂ ਭੂਮੀ-ਕਰ ਪ੍ਰਾਪਤ ਕਰਨ ਦਾ ਅਧਿਕਾਰ ਮਿਲਿਆ ਹੁੰਦਾ ਸੀ। ਇਨ੍ਹਾਂ ਦੇ ਅਧੀਨ ਕੁਝ ਸੈਨਿਕ ਹੁੰਦੇ ਸਨ, ਜੋ ਲੜਾਈ ਦੇ ਸਮੇਂ ਸਰਕਾਰੀ ਹੁਕਮ ਅਨੁਸਾਰ ਆਪਣੇ ਸੈਨਿਕਾਂ ਨਾਲ ਲੜਾਈ ਲੜਨ ਲਈ ਜਾਂਦੇ ਸਨ। ਇਸ ਤੋਂ ਬਿਨਾਂ ਇਹ ਲੋਕ ਬਹੁਤ ਐਸ਼ੋ-ਆਰਾਮ ਵਾਲਾ ਜੀਵਨ ਬਤੀਤ ਕਰਦੇ ਸਨ ਅਤੇ ਇਨ੍ਹਾਂ ਕੋਲ ਬਹੁਤ ਸਾਰੇ ਦਾਸ ਜਾਂ ਨੌਕਰ ਹੁੰਦੇ ਸਨ। 'ਉਲਮਾ' ਮੁਸਲਿਮ ਧਾਰਮਿਕ ਵਰਗ ਦੇ ਨੇਤਾ ਹੁੰਦੇ ਸਨ। ਉਹ ਇਸਲਾਮੀ ਕਾਨੂੰਨ ਦੀ ਵਿਆਖਿਆ ਕਰਦੇ ਸਨ ਅਤੇ ਉਹ ਸ਼ਰੀਅਤ ਅਨੁਸਾਰ ਰਾਜ ਦਾ ਕੰਮ ਚਲਾਉਣ ਵਿੱਚ ਮੱਦਦ ਕਰਦੇ ਸਨ। ਬਹੁਤ ਸਾਰੇ ਉਲਮਾ ਰਾਜ ਦੀ ਸੇਵਾ ਕਰਨ ਲਈ 'ਮੁਫ਼ਤੀ' ਅਤੇ 'ਕਾਜ਼ੀ' ਦੇ ਤੌਰ 'ਤੇ ਨਿਯੁਕਤ ਕੀਤੇ ਹੁੰਦੇ ਸਨ। ਸੱਯਦਾਂ ਦਾ ਵੀ ਮੁਸਲਿਮ ਸਮਾਜ ਵਿੱਚ ਬਹੁਤ ਸਨਮਾਨ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ ਸੂਫ਼ੀ ਪੀਰਾਂ ਅਤੇ ਸ਼ੇਖਾਂ ਦਾ ਸਤਿਕਾਰ ਵੀ ਇਨ੍ਹਾਂ ਤੋਂ ਵਧੇਰੇ ਕੀਤਾ ਜਾਂਦਾ ਸੀ। ਕਈ ਸ਼ੇਖਾਂ ਅਤੇ ਸ਼ੇਖਜ਼ਾਦਿਆਂ ਨੇ ਤਾਂ ਸਰਦਾਰਾਂ ਦੇ ਪਰਿਵਾਰਾਂ ਨਾਲ ਵਿਵਾਹਿਕ ਸੰਬੰਧ ਕਾਇਮ ਕੀਤੇ ਹੋਏ ਸਨ।
2. **ਮੱਧ ਸ਼੍ਰੇਣੀ-** ਮੱਧ ਸ਼੍ਰੇਣੀ ਵਿੱਚ ਕਿਸਾਨ, ਸੈਨਿਕ, ਵਪਾਰੀ, ਛੋਟੇ ਕਰਮਚਾਰੀ ਅਤੇ ਹੋਰ ਛੋਟੇ ਅਹੁਦਿਆਂ 'ਤੇ ਕੰਮ ਕਰਨ ਵਾਲੇ ਅਧਿਕਾਰੀ ਸ਼ਾਮਿਲ ਸਨ। ਇਹ ਲੋਕ ਆਪਣੀ ਆਮਦਨ ਨਾਲ ਹੀ ਆਪਣਾ ਗੁਜ਼ਾਰਾ ਕਰਦੇ ਸਨ। ਉੱਚ ਸ਼੍ਰੇਣੀ ਦੇ ਮੁਕਾਬਲੇ ਇਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ। ਇਹ ਆਪਣਾ ਜੀਵਨ ਬਹੁਤ ਹੀ ਸਾਦਗੀ ਨਾਲ ਬਤੀਤ ਕਰਦੇ ਸਨ ਪਰ ਫਿਰ ਵੀ ਇਨ੍ਹਾਂ ਦੀ ਸਥਿਤੀ ਹਿੰਦੂਆਂ ਦੇ ਮੁਕਾਬਲੇ ਚੰਗੀ ਸੀ।
3. **ਹੇਠਲੀ ਸ਼੍ਰੇਣੀ-** ਹੇਠਲੀ ਸ਼੍ਰੇਣੀ ਵਿੱਚ ਕਿਰਤੀ, ਸੇਵਕ, ਦਾਸ, ਨੌਕਰ ਅਤੇ ਮਜ਼ਦੂਰ ਆਦਿ ਸ਼ਾਮਿਲ ਸਨ। ਇਸ ਤੋਂ

[1] Anil Chandra Banerjee, *Guru Nanak and His Times*, Publication Bureau, Punjabi University, Patiala, 2013, p. 80.

ਇਲਾਵਾ ਜੁਲਾਹੇ, ਲੁਹਾਰ, ਸੁਨਿਆਰ, ਤਰਖਾਣ, ਮੋਚੀ ਆਦਿ ਦਸਤਾਕਾਰੀ ਦਾ ਕੰਮ ਮਿਹਨਤ ਨਾਲ ਕਰਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਸਨ। ਵੱਡੇ-ਵੱਡੇ ਸਰਦਾਰਾਂ ਨੇ ਬਹੁਤ ਸਾਰੀ ਗਿਣਤੀ ਵਿੱਚ ਦਾਸ-ਦਾਸੀਆਂ ਰੱਖੇ ਹੁੰਦੇ ਸਨ। ਦਾਸੀਆਂ ਦੇ ਸੰਬੰਧ ਵਿੱਚ ਇਹ ਬਹੁਤ ਪ੍ਰਚੱਲਿਤ ਹੋ ਗਿਆ ਸੀ ਕਿ ਕੰਮ ਕਰਨ ਵਿੱਚ ਖੁਰਾਸਾਨੀ ਦਾਸੀ, ਬੱਚੇ ਪਾਲਣ ਲਈ ਹਿੰਦੂ ਦਾਸੀ, ਮਨ-ਪਰਚਾਵੇ ਲਈ ਈਰਾਨੀ ਦਾਸੀ ਅਤੇ ਤਿੰਨਾਂ ਨੂੰ ਤਾੜਨਾ ਕਰਨ ਲਈ ਟ੍ਰਾਂਸ-ਓਕਸੀਨੀਅਨ ਦਾਸੀ ਸਭ ਤੋਂ ਵਧੀਆ ਹੁੰਦੀ ਸੀ। ਇਸ ਸ਼੍ਰੇਣੀ ਦੇ ਲੋਕਾਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਸੀ ਤਾਂ ਕਿ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰ ਸਕਣ। ਇਨ੍ਹਾਂ ’ਤੇ ਮੁਸਲਿਮ ਵਰਗ ਵੱਲੋਂ ਬਹੁਤ ਅੱਤਿਆਚਾਰ ਕੀਤਾ ਜਾਂਦਾ ਸੀ।

**ਹਿੰਦੂਆਂ ਦੀ ਸਥਿਤੀ-** ਭਾਰਤੀ ਸਮਾਜ ਵਿੱਚ ਰਾਜਨੀਤਿਕ ਤੌਰ ’ਤੇ ਮੁਸਲਿਮ ਵਰਗ ਦਾ ਬੋਲਬਾਲਾ ਹੋਣ ਕਰਕੇ ਮੁਸਲਮਾਨਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲੀਆਂ ਹੋਈਆਂ ਸਨ ਪਰ ਉਨ੍ਹਾਂ ਦੇ ਮੁਕਾਬਲੇ ਹਿੰਦੂਆਂ ਦੀ ਸਥਿਤੀ ਬਹੁਤ ਖ਼ਰਾਬ ਸੀ। ਹਿੰਦੂਆਂ ’ਤੇ ‘ਜਜ਼ੀਆ’ ਨਾਂ ਦਾ ਵਿਸ਼ੇਸ਼ ਕਰ ਲੱਗਿਆ ਹੋਇਆ ਸੀ। ਇਹ ਕਰ ਉਨ੍ਹਾਂ ਤੋਂ ਬਹੁਤ ਹੀ ਸਖ਼ਤੀ ਨਾਲ ਵਸੂਲਿਆ ਜਾਂਦਾ ਸੀ। ਹਿੰਦੂਆਂ ਨੂੰ ਆਪਣੇ ਧਾਰਮਿਕ ਸਥਾਨਾਂ ’ਤੇ ਜਾਣ ਲਈ ਯਾਤਰਾ ਕਰ ਦੇਣਾ ਪੈਂਦਾ ਸੀ। ਸਿਕੰਦਰ ਲੋਧੀ ਦੇ ਸਮੇਂ ਵਿੱਚ ਬਹੁਤ ਸਾਰੇ ਹਿੰਦੂ ਮੰਦਰ ਢਾਹ ਦਿੱਤੇ ਗਏ ਸਨ ਅਤੇ ਉਨ੍ਹਾਂ ਦੀ ਥਾਂ ’ਤੇ ਮਸਜਿਦਾਂ ਉਸਾਰ ਦਿੱਤੀਆਂ ਗਈਆਂ ਸਨ। ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾ ਰਿਹਾ ਸੀ ਅਤੇ ਉਨ੍ਹਾਂ ਨੂੰ ਉੱਚੀਆਂ ਨੌਕਰੀਆਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਉਨ੍ਹਾਂ ਨੂੰ ਮੁਸਲਮਾਨਾਂ ਦੇ ਮੁਕਾਬਲੇ ਬਹੁਤ ਘਟੀਆ ਸਮਝਿਆ ਜਾਂਦਾ ਸੀ।[2]

**ਹਿੰਦੂਆਂ ਦੀਆਂ ਜਾਤੀਆਂ-** ਪ੍ਰਾਚੀਨ ਕਾਲ ਤੋਂ ਹੀ ਹਿੰਦੂ ਸਮਾਜ ਚਾਰ ਜਾਤਾਂ (ਵਰਣਾਂ) ਵਿੱਚ ਵੰਡਿਆ ਹੋਇਆ ਸੀ- ਬ੍ਰਾਹਮਣ, ਕਸ਼ੱਤਰੀ (ਖੱਤਰੀ), ਵੈਸ਼ ਅਤੇ ਸ਼ੂਦਰ। ਹੌਲੀ-ਹੌਲੀ ਇਨ੍ਹਾਂ ਜਾਤੀਆਂ ਦੀਆਂ ਅਗਾਂਹ ਕਈ ਉਪ-ਜਾਤੀਆਂ ਬਣ ਗਈਆਂ ਸਨ, ਜਿਨ੍ਹਾਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਗਈ ਸੀ। 16ਵੀਂ ਸਦੀ ਭਾਵ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਪੰਜਾਬ ਵਿੱਚ ਹਿੰਦੂਆਂ ਵਿੱਚ ਬ੍ਰਾਹਮਣ, ਰਾਜਪੂਤ, ਖੱਤਰੀ ਅਤੇ ਜੱਟ ਸਭ ਤੋਂ ਮਹੱਤਵਪੂਰਨ ਸਮਾਜਿਕ ਸਮੂਹ ਜਾਂ ਜਾਤੀਆਂ ਸਨ। ਬ੍ਰਾਹਮਣਾਂ ਦਾ ਹਿੰਦੂ ਰਾਜਪੂਤਾਂ ਦੇ ਪਤਨ ਤੋਂ ਬਾਅਦ ਮਹੱਤਵ ਬਹੁਤ ਘੱਟ ਗਿਆ ਸੀ। ਮੁਸਲਿਮ ਸ਼ਾਸਕ ਉਨ੍ਹਾਂ ਦੀ ਸਰਪ੍ਰਸਤੀ ਨਹੀਂ ਕਰ ਰਹੇ ਸਨ। ਕੁਝ ਬ੍ਰਾਹਮਣਾਂ ਨੇ ਤਾਂ ਪੰਜਾਬ ਦੇ ਪਹਾੜੀ ਇਲਾਕਿਆਂ ਵਿੱਚ ਸਥਿਤ ਰਾਜਪੂਤ ਰਾਜਾਂ ਵਿੱਚ ਸ਼ਰਨ ਲਈ, ਕੁਝ ਲੋਕਾਂ ਨੇ ਸਿੱਖਿਆ ਦੇਣ ਅਤੇ ਪਾਠ-ਪੂਜਾ ਕਰਨ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਕਈ ਜੋਤਿਸ਼ ਅਤੇ ਚਿਕਿਤਸਾ-ਸ਼ਾਸਤਰ ਦੇ ਗਿਆਨ ਦੁਆਰਾ ਰੋਟੀ ਕਮਾਉਣ ਲੱਗ ਪਏ। ਇਹ ਸਾਰੀ ਸਥਿਤੀ ਮੁਸਲਿਮ ਸ਼ਾਸਕਾਂ ਦੇ ਰਾਜ ਅਤੇ ਅੱਤਿਆਚਾਰ ਕਾਰਨ ਪੈਦਾ ਹੋਈ ਸੀ। ਇਨ੍ਹਾਂ ਤੋਂ ਬਿਨਾਂ ਕਸ਼ੱਤਰੀ (ਖੱਤਰੀ) ਲੋਕਾਂ ਨੇ ਉੱਭਰੇ ਨਵੇਂ ਹਾਲਾਤਾਂ ਕਾਰਨ ਯੁੱਧ ਕਰਨ ਦਾ ਕੰਮ ਛੱਡ ਦਿੱਤਾ ਸੀ ਅਤੇ ਹੋਰ ਕਿੱਤੇ ਅਪਣਾ ਲਏ ਸਨ। ਉਨ੍ਹਾਂ ’ਚੋਂ ਕਈ ਲੋਕਾਂ ਨੇ ਸਿਵਲ ਸ਼ਾਸਨ-ਪ੍ਰਬੰਧ ਵਿਸ਼ੇਸ਼ ਰੂਪ ਵਿੱਚ ਮਾਲ-ਵਿਭਾਗ ਵਿੱਚ ਨੌਕਰੀ ਕਰ ਲਈ ਸੀ, ਕੁਝ ਕੁ ਲੋਕਾਂ ਨੇ ਪਿੰਡਾਂ ਵਿੱਚ ਦੁਕਾਨਾਂ ਖੋਲ੍ਹ ਲਈਆਂ ਸਨ, ਕਈ ਜ਼ਿਮੀਂਦਾਰ ਅਤੇ ਕਿਸਾਨ ਬਣ ਗਏ ਸਨ। ਇੱਕ ਹੋਰ ਸ਼੍ਰੇਣੀ ਰਾਜਪੂਤਾਂ ਦੀ ਸੀ, ਜੋ ਕਿ ਮੁਸਲਮਾਨਾਂ ਤੋਂ ਹਾਰ ਖਾ ਕੇ ਆਪਣਾ ਰਾਜ ਗੁਆ ਚੁੱਕੇ ਸਨ। ਉਨ੍ਹਾਂ ’ਚੋਂ ਕੁਝ ਰਾਜਪੂਤਾਂ ਨੇ ਮੁਸਲਿਮ ਧਰਮ ਅਪਣਾ ਲਿਆ ਸੀ, ਕੁਝ ਪੰਜਾਬ ਦੇ ਪਹਾੜੀ ਇਲਾਕਿਆਂ ਵਿੱਚ ਜਾ ਕੇ ਰਹਿਣ ਲੱਗ ਪਏ ਸਨ, ਕੁਝ ਰਾਜਪੂਤ ਜ਼ਿਮੀਂਦਾਰ ਅਤੇ ਕਿਸਾਨ ਬਣ ਗਏ ਸਨ। ਪੰਜਾਬ ਦੇ ਪਿੰਡਾਂ ਵਿੱਚ ਬਹੁ-ਗਿਣਤੀ ਵਿੱਚ ਜੱਟ ਲੋਕ ਰਹਿੰਦੇ ਸਨ, ਜਿਨ੍ਹਾਂ ਵਿੱਚ ਕੁਝ ਜ਼ਿਮੀਂਦਾਰ ਅਤੇ ਮੁਕੱਦਮ ਸਨ ਪਰ ਜ਼ਿਆਦਾਤਰ ਜੱਟ ਕਿਸਾਨ ਸਨ। ਉਹ ਸਰੀਰਕ ਤੌਰ ’ਤੇ ਬਲਵਾਨ ਅਤੇ ਬਹੁਤ ਮਿਹਨਤੀ ਸਨ।

**ਹੋਰ ਜਾਤੀਆਂ ਦੇ ਹਿੰਦੂ ਲੋਕ-** ਬ੍ਰਾਹਮਣ, ਕਸ਼ੱਤਰੀ (ਖੱਤਰੀ), ਵੈਸ਼ ਅਤੇ ਸ਼ੂਦਰ ਤੋਂ ਇਲਾਵਾ ਹਿੰਦੂ ਸਮਾਜ ਵਿੱਚ ਬਹੁਤ ਸਾਰੀਆਂ ਹੋਰ ਜਾਤੀਆਂ ਅਤੇ ਕਿੱਤਿਆਂ ਵਾਲੇ ਲੋਕ ਸਨ, ਜਿਵੇਂ ਕਿ ਲੁਹਾਰ, ਸੁਨਿਆਰ, ਤਰਖਾਣ, ਦਰਜ਼ੀ, ਨਾਈ, ਬਾਜ਼ੀਗਰ ਆਦਿ। ਹਿੰਦੂ ਦਸਤਕਾਰਾਂ ਦੇ ਹਾਲਾਤ ਮੁਸਲਿਮ ਕਿਰਤੀਆਂ ਤੋਂ ਚੰਗੇ ਨਹੀਂ ਸਨ। ਉਸ ਸਮੇਂ ਹਿੰਦੂ ਸਮਾਜ ਵਿੱਚ ਛੂਤ-ਛਾਤ ਦੀ ਬੁਰਾਈ ਵੀ ਪ੍ਰਚੱਲਿਤ ਸੀ। ਉੱਚ ਜਾਤੀਆਂ ਦੇ ਲੋਕ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਆਪਣੇ ਆਪ ਤੋਂ ਘਟੀਆ ਸਮਝਦੇ ਸਨ।

[2] Khushwant Singh, *A History of the Sikhs, Volume I: 1469-1839*, Second Edition, Oxford University Press, New Delhi, 1999, pp. 4-5.

**International Journal of Research in Social Sciences**
Vol. 10 Issue 1, January 2020,
ISSN: 2249-2496 Impact Factor: 7.081
Journal Homepage: http://www.ijmra.us, Email: editorijmie@gmail.com
Double-Blind Peer Reviewed Refereed Open Access International Journal - Included in the International Serial Directories Indexed & Listed at: Ulrich's Periodicals Directory ©, U.S.A., Open J-Gate as well as in Cabell's Directories of Publishing Opportunities, U.S.A

**ਮੁਸਲਮਾਨਾਂ ਅਤੇ ਹਿੰਦੂਆਂ ਦੇ ਸੱਭਿਆਚਾਰਕ ਸੰਬੰਧ-** ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੁਸਲਮਾਨਾਂ ਅਤੇ ਹਿੰਦੂਆਂ ਵਿੱਚ ਆਪਸੀ ਸਦਭਾਵਨਾ ਦੀ ਅਣਹੋਂਦ ਸੀ, ਉਹ ਸ਼ਹਿਰਾਂ ਵਿੱਚ ਵੀ ਵੱਖਰੇ-ਵੱਖਰੇ ਮੁਹੱਲਿਆਂ ਵਿੱਚ ਰਹਿੰਦੇ ਸਨ। ਪਿਛਲੀਆਂ ਪੰਜ ਸਦੀਆਂ ਤੱਕ ਇਕੱਠੇ ਰਹਿਣ ਕਾਰਨ ਦੋਵਾਂ ਸੰਪਰਦਾਵਾਂ ਦੇ ਲੋਕਾਂ ਵਿੱਚ ਥੋੜ੍ਹਾ ਬਹੁਤ ਮੇਲ-ਜੋਲ ਸੁਭਾਵਿਕ ਹੀ ਸੀ। ਦੋਵੇਂ ਸੰਪਰਦਾਵਾਂ ਦੇ ਲੋਕਾਂ ਨੇ ਇੱਕ-ਦੂਜੇ ਦੀਆਂ ਗੱਲਾਂ ਅਤੇ ਸੱਭਿਆਚਾਰਕ ਇਕਾਈਆਂ ਅਪਣਾ ਲਈਆਂ ਸਨ। ਹਿੰਦੂਆਂ ਨੇ ਮੁਸਲਮਾਨਾਂ ਦੀਆਂ ਅਤੇ ਮੁਸਲਮਾਨਾਂ ਨੇ ਹਿੰਦੂਆਂ ਦੀਆਂ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ। ਮੁਸਲਮਾਨਾਂ ਨੇ ਹਿੰਦੂਆਂ ਤੋਂ ਦੇਖ ਕੇ ਭੋਜਨ ਵਿੱਚ ਮਸਾਲਿਆਂ ਦੀ ਵਰਤੋਂ ਅਤੇ ਸੁੰਦਰ ਕੱਪੜਿਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਸੀ। ਇਸ ਤੋਂ ਇਲਾਵਾ ਮੁਸਲਮਾਨਾਂ ਨੇ ਹਿੰਦੂ ਰੀਤੀ-ਰਿਵਾਜ਼ਾਂ ਅਨੁਸਾਰ ਵਿਆਹ ਕਰਨੇ ਸ਼ੁਰੂ ਕਰ ਦਿੱਤੇ ਸਨ। ਇੱਥੋਂ ਤੱਕ ਕਿ ਕਲਾ ਅਤੇ ਧੰਦਿਆਂ ਦੇ ਤਰੀਕਿਆਂ ਨੂੰ ਵੀ ਉਨ੍ਹਾਂ ਨੇ ਅਪਣਾ ਲਿਆ ਸੀ।[3]

**ਇਸਤਰੀਆਂ ਦੀ ਸਥਿਤੀ-** ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜ ਵਿੱਚ ਇਸਤਰੀਆਂ ਦੀ ਸਥਿਤੀ ਵਧੇਰੇ ਚੰਗੀ ਨਹੀਂ ਸੀ। ਇਸਤਰੀ ਨੂੰ ਪੁਰਸ਼ ਦੇ ਮੁਕਾਬਲੇ ਘਟੀਆ ਸਮਝਿਆ ਜਾਂਦਾ ਸੀ। ਉਸ ਸਮੇਂ ਦੇ ਸਮਾਜ ਵਿੱਚ ਬਾਲ-ਵਿਆਹ ਦਾ ਰਿਵਾਜ ਵਧੇਰੇ ਪ੍ਰਚੱਲਿਤ ਸੀ। ਹਿੰਦੂ ਲੜਕੀਆਂ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਜਾਂਦਾ ਸੀ। ਇਸਤਰੀਆਂ ਦੀ ਸਿੱਖਿਆ ਵੱਲ ਵੀ ਕੋਈ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ ਸੀ। ਮੁਸਲਿਮ ਸਮਾਜ ਵਿੱਚ ਇਸਤਰੀਆਂ 'ਬੁਰਕਾ' ਪਹਿਨਦੀਆਂ ਸਨ। ਵੱਡੇ ਘਰਾਂ ਦੀਆਂ ਇਸਤਰੀਆਂ ਨੂੰ ਛੱਡ ਕੇ ਬਾਕੀ ਇਸਤਰੀਆਂ ਅਨਪੜ੍ਹ ਹੁੰਦੀਆਂ ਸਨ। ਮੁਸਲਮਾਨ ਆਪਣੇ ਸਮਾਜ ਵਿੱਚ ਇੱਕ ਤੋਂ ਵੱਧ ਇਸਤਰੀਆਂ ਨਾਲ ਵਿਆਹ ਕਰਵਾ ਸਕਦੇ ਸਨ।[4]

**ਭੋਜਨ-** ਉਸ ਸਮੇਂ ਲੋਕਾਂ ਦੇ ਭੋਜਨ ਵਿੱਚ ਕਣਕ, ਚੌਲ, ਸਬਜ਼ੀਆਂ, ਫ਼ਲ, ਮਾਸ-ਮੱਛੀ ਆਦਿ ਸ਼ਾਮਿਲ ਸਨ। ਭੋਜਨ ਵਿੱਚ ਮੱਖਣ ਅਤੇ ਮਸਾਲਿਆਂ ਦੀ ਬਹੁਤ ਵਰਤੋਂ ਹੁੰਦੀ ਸੀ। ਉੱਚ ਸ਼੍ਰੇਣੀ ਦੇ ਲੋਕ ਬਹੁਤ ਹੀ ਸੁਆਦੀ ਖ਼ੁਰਾਕ ਖਾਂਦੇ ਸਨ। ਦਾਅਵਤਾਂ ਅਤੇ ਜਸ਼ਨ ਦੇ ਮੌਕਿਆਂ 'ਤੇ ਪੂੜੀ, ਹਲਵਾ, ਮਾਸ ਆਦਿ ਤਿਆਰ ਕੀਤੇ ਜਾਂਦੇ ਸਨ। ਮੁਸਲਮਾਨਾਂ ਦਾ ਭੋਜਨ ਰੋਟੀ ਅਤੇ ਕਬਾਬ ਜਾਂ ਭੁੰਨਿਆਂ ਹੋਇਆ ਮਾਸ ਹੀ ਹੁੰਦਾ ਸੀ। ਜਿੱਥੋਂ ਤੱਕ ਹਿੰਦੂਆਂ ਦੇ ਭੋਜਨ ਦੀ ਗੱਲ ਹੈ, ਹਿੰਦੂ ਲੋਕ ਆਮ ਤੌਰ 'ਤੇ ਵੈਸ਼ਨੂੰ ਹੁੰਦੇ ਸਨ ਅਤੇ ਕਈ ਹਿੰਦੂ ਲੋਕ ਬੱਕਰੇ ਆਦਿ ਦਾ ਮਾਸ ਵੀ ਖਾਂਦੇ ਸਨ। ਅਮੀਰ ਹਿੰਦੂ ਲੋਕ ਦੁੱਧ, ਮੱਖਣ, ਪਨੀਰ, ਘਿਉ, ਫ਼ਲਾਂ ਆਦਿ ਦੀ ਵਰਤੋਂ ਕਰਦੇ ਸਨ ਅਤੇ ਸਾਧਾਰਨ ਲੋਕ ਖਿਚੜੀ ਆਦਿ ਖਾਂਦੇ ਸਨ। ਲੋਕ ਆਮ ਤੌਰ 'ਤੇ ਤਾਜ਼ਾ ਪਾਣੀ ਪੀਂਦੇ ਸਨ ਅਤੇ ਗਰਮੀਆਂ ਵਿੱਚ ਲੋਕ ਸ਼ਰਬਤ ਪੀਂਦੇ ਸਨ।

**ਪਹਿਰਾਵਾ-** ਲੋਕਾਂ ਦੇ ਪਹਿਰਾਵੇ ਦੀ ਗੱਲ ਕੀਤੀ ਜਾਵੇ ਤਾਂ ਸਾਰੇ ਲੋਕਾਂ ਦਾ ਪਹਿਰਾਵਾ ਇੱਕੋ ਜਿਹਾ ਨਹੀਂ ਹੁੰਦਾ ਸੀ। ਉੱਚ ਸ਼੍ਰੇਣੀ ਦੇ ਮੁਸਲਿਮ ਸਰਦਾਰ ਅਤੇ ਸਰਕਾਰੀ ਅਫ਼ਸਰ ਬਹੁਤ ਸੁੰਦਰ ਕੱਪੜੇ ਪਹਿਨਦੇ ਸਨ, ਜੋ ਰੇਸ਼ਮ ਅਤੇ ਮਖ਼ਮਲ ਦੇ ਬਣੇ ਹੁੰਦੇ ਸਨ। ਇਹ ਕਈ ਰੰਗਾਂ ਦੇ ਹੁੰਦੇ ਸਨ। ਉਹ ਇੱਕ ਲੰਮਾ ਜਿਹਾ ਕੁੜਤਾ ਅਤੇ ਪਜਾਮਾ ਪਾਉਂਦੇ ਸਨ, ਉਸ 'ਤੇ ਚਿੱਟੇ ਰੰਗ ਦਾ ਕਮਰਬੰਦ ਜਾਂ ਕਮਰਕਸਾ ਬੰਨ੍ਹਦੇ ਸਨ ਅਤੇ ਸਿਰ 'ਤੇ ਆਮ ਤੌਰ 'ਤੇ 'ਕੁਲਾਹ', ਜਿਸ ਨੂੰ ਟੋਪੀ ਕਿਹਾ ਜਾਂਦਾ ਸੀ, ਪਹਿਨਦੇ ਸਨ। ਹੇਠਲੀਆਂ ਸ਼੍ਰੇਣੀਆਂ ਦੇ ਲੋਕ ਸੂਤੀ ਕੱਪੜੇ ਪਾਉਂਦੇ ਸਨ। ਸਰਦੀਆਂ ਦੇ ਮੌਸਮ ਵਿੱਚ ਅਮੀਰ ਲੋਕ ਵਧੀਆਂ ਕਿਸਮ ਦੇ ਉੱਨ ਦੇ ਕੱਪੜੇ ਪਹਿਨਦੇ ਸਨ। ਗ਼ਰੀਬ ਵਰਗ ਦੇ ਲੋਕ ਸੂਤੀ ਕੱਪੜੇ ਪਹਿਨਦੇ ਸਨ ਅਤੇ ਖੇਸ ਜਾਂ ਕੰਬਲ ਦੀ ਬੁੱਕਲ ਮਾਰ ਲੈਂਦੇ ਸਨ। ਕੱਟੜ ਮੁਸਲਮਾਨ, ਕਾਜ਼ੀ ਅਤੇ ਉਲਮਾ ਸਾਦੇ ਸੂਤੀ ਕੱਪੜੇ ਪਹਿਨਦੇ ਸਨ ਅਤੇ ਸਿਰ 'ਤੇ ਸੱਤ ਗਜ਼ ਦੀ ਪੱਗ ਬੰਨ੍ਹਦੇ ਸਨ। ਇਸਤਰੀਆਂ ਦੇ ਕੱਪੜਿਆਂ ਵਿੱਚ ਇੱਕ ਲੰਮੀ ਚਾਦਰ ਜਾਂ ਸਾੜ੍ਹੀ, ਚੋਲਾ ਹੁੰਦੇ ਸਨ। ਕਈ ਇਸਤਰੀਆਂ ਸਾੜ੍ਹੀ ਦੀ ਥਾਂ 'ਤੇ ਲਹਿੰਗਾ ਪਹਿਨਦੀਆਂ ਸਨ ਅਤੇ ਸਿਰ 'ਤੇ ਦੁਪੱਟਾ ਲੈਂਦੀਆਂ ਸਨ। ਪੁਰਸ਼ ਅਤੇ ਇਸਤਰੀਆਂ ਦੋਵੇਂ ਹੀ ਗਹਿਣੇ ਪਹਿਨਦੇ ਸਨ ਅਤੇ ਪੂਰਾ ਹਾਰ-ਸ਼ਿੰਗਾਰ ਕਰਦੇ ਸਨ।

**ਮਨ-ਪਰਚਾਵੇ ਦੇ ਸਾਧਨ-** ਗੁਰੂ ਨਾਨਕ ਦੇਵ ਜੀ ਦੇ ਸਮੇਂ ਸ਼ਿਕਾਰ ਖੇਡਣਾ ਅਤੇ ਘੋੜ-ਦੌੜ ਆਦਿ ਮਨ-ਪਰਚਾਵੇ ਦੇ ਸਾਧਨ

---

[3] W.H. Mcleod, *Guru Nanak and the Sikh Religion*, Oxford University Press, London, 1968, p. 64.
[4] Dr. K.M. Ashraf, *Life and Conditions of the People of Hindustan*, Jiwan Prakashan Educational Publishers, Delhi, 1959, pp. 161-162.

ਸਨ। ਇਹ ਸਾਰੇ ਮਨ-ਪਰਚਾਵੇ ਦੇ ਬਾਹਰੀ ਸਾਧਨ ਸਨ। ਇਸ ਤੋਂ ਇਲਾਵਾ ਸ਼ਤਰੰਜ, ਨਾਚ-ਗਾਣਾ, ਚੌਪੜ ਆਦਿ ਵੀ ਮਨ-ਪਰਚਾਵੇ ਦੇ ਸਾਧਨ ਸਨ। ਇਹ ਸਾਧਨ ਅੰਦਰੂਨੀ ਮਨ ਪਰਚਾਵੇ ਲਈ ਹੁੰਦੇ ਸਨ। ਜਾਦੂਗਰ ਅਤੇ ਬਾਜ਼ੀਗਰ ਬਜ਼ਾਰਾਂ ਵਿੱਚ ਨੱਚ ਕੇ ਲੋਕਾਂ ਦਾ ਮਨੋਰੰਜਨ ਕਰਦੇ ਸਨ, ਕਲਾਕਾਰ ਵੀ ਲੋਕਾਂ ਦਾ ਮਨੋਰੰਜਨ ਕਰਦੇ ਸਨ ਅਤੇ ਨਰਤਕੀਆਂ ਆਪਣੇ ਨਾਚ ਨਾਲ ਲੋਕਾਂ ਦਾ ਮਨੋਰੰਜਨ ਕਰਦੀਆਂ ਸਨ। ਉੱਚ-ਸ਼੍ਰੇਣੀ ਦੇ ਸਰਦਾਰ ਤਾਂ ਆਪਣਾ ਮਨੋਰੰਜਨ ਜਸ਼ਨ ਮਨਾ ਕੇ ਕਰਦੇ ਸਨ। ਇਸ ਤੋਂ ਇਲਾਵਾ ਇਹ ਵੀ ਪਤਾ ਚੱਲਦਾ ਹੈ ਕਿ ਬਹੁਤ ਸਾਰੇ ਸਰਦਾਰ ਸ਼ਰਾਬ ਪੀ ਕੇ ਆਪਣਾ ਮਨੋਰੰਜਨ ਕਰਦੇ ਸਨ।

**ਸਿੱਖਿਆ ਅਤੇ ਸਾਹਿਤ-** ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿੱਚ ਸਿੱਖਿਆ ਦੇਣ ਦਾ ਕੰਮ ਧਾਰਮਿਕ ਵਰਗ ਕਰਦਾ ਸੀ। ਮੁਸਲਮਾਨਾਂ ਨੂੰ ਉਲਮਾ, ਮੁੱਲਾ ਅਤੇ ਮੌਲਵੀ ਸਿੱਖਿਆ ਦਿੰਦੇ ਸਨ। ਉਹ ਇਹ ਸਿੱਖਿਆ ਮਸਜਿਦਾਂ, ਮਦਰੱਸਿਆ ਅਤੇ ਮਕਤਬਾਂ ਵਿੱਚ ਦਿੰਦੇ ਸਨ। ਉਸ ਸਮੇਂ ਅਰਬੀ ਅਤੇ ਫ਼ਾਰਸੀ ਭਾਸ਼ਾਵਾਂ ਤੋਂ ਬਿਨਾਂ ਹੋਰ ਵੀ ਕਈ ਵਿਸ਼ਿਆਂ ਦੀ ਸਿੱਖਿਆ ਦਿੱਤੀ ਜਾਂਦੀ ਸੀ। ਬਹੁਤ ਸਾਰੇ ਲੇਖਕਾਂ ਦੀਆਂ ਲਿਖਤਾਂ ਤੋਂ ਇਹ ਵੀ ਪਤਾ ਚੱਲਦਾ ਹੈ ਕਿ ਪੰਜਾਬ ਵਿੱਚ ਮੁਲਤਾਨ, ਜਲੰਧਰ, ਤੁਲੰਬਾ, ਸੁਲਤਾਨਪੁਰ, ਸਮਾਣਾ ਆਦਿ ਸ਼ਹਿਰਾਂ ਵਿੱਚ ਇਸਲਾਮੀ ਸਿੱਖਿਆ ਦਿੱਤੀ ਜਾਂਦੀ ਸੀ। ਬਹੁਤ ਸਾਰੇ ਮੁਸਲਮਾਨ ਵਿਦਵਾਨਾਂ ਨੇ ਪੰਜਾਬੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਸਾਹਿਤ ਰਚਨਾ ਕੀਤੀ ਸੀ। ਹਿੰਦੂ ਲੋਕਾਂ ਨੂੰ ਸਿੱਖਿਆ ਬ੍ਰਾਹਮਣ ਦਿੰਦੇ ਸਨ। ਇਹ ਸਿੱਖਿਆ ਮੰਦਰਾਂ ਅਤੇ ਪਾਠਸ਼ਾਲਾਵਾਂ ਵਿੱਚ ਦਿੱਤੀ ਜਾਂਦੀ ਸੀ। ਭਾਵੇਂ ਉਸ ਸਮੇਂ ਬ੍ਰਾਹਮਣ ਜੋਤਿਸ਼ ਅਤੇ ਚਿਕਿਤਸਾ-ਸ਼ਾਸਤਰ ਦੇ ਖੇਤਰ ਵਿੱਚ ਉੱਚ ਕੋਟੀ ਦੇ ਵਿਦਵਾਨ ਨਹੀਂ ਸਨ ਪਰ ਫਿਰ ਵੀ ਮੁਸਲਮਾਨਾਂ ਨੇ ਉਨ੍ਹਾਂ ਕੋਲੋਂ ਜੋਤਿਸ਼ ਅਤੇ ਚਿਕਿਤਸਾ-ਸ਼ਾਸਤਰ ਬਾਰੇ ਬਹੁਤ ਜਾਣਕਾਰੀ ਪ੍ਰਾਪਤ ਕੀਤੀ।

**ਅੰਧ-ਵਿਸ਼ਵਾਸ ਅਤੇ ਰੀਤੀ-ਰਿਵਾਜ-** ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੂ ਅਤੇ ਮੁਸਲਮਾਨ ਦੋਵੇਂ ਵਰਗਾਂ ਦੇ ਲੋਕ ਅਨੇਕਾਂ ਪ੍ਰਕਾਰ ਦੇ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ ਅਤੇ ਰੀਤੀ-ਰਿਵਾਜਾਂ ਵਿੱਚ ਫਸੇ ਹੋਏ ਸਨ। ਬੱਚੇ ਦੇ ਜਨਮ ਹੋਣ 'ਤੇ ਵੀ ਕਈ ਤਰ੍ਹਾਂ ਦੇ ਰਿਵਾਜ ਪ੍ਰਚੱਲਿਤ ਸਨ। ਖ਼ਾਸ ਤੌਰ 'ਤੇ ਪੁੱਤਰ ਹੋਣ ਸਮੇਂ ਅਨੇਕਾਂ ਪ੍ਰਕਾਰ ਦੇ ਰੀਤੀ-ਰਿਵਾਜ ਪ੍ਰਚੱਲਿਤ ਸਨ। ਹਿੰਦੂ-ਪਰਿਵਾਰ ਵਿੱਚ ਬੱਚੇ ਦਾ 'ਨਾਮਕਰਣ ਸੰਸਕਾਰ' ਨਾਮੀ ਰਸਮ ਕਰਨ ਦਾ ਰਿਵਾਜ ਪ੍ਰਚੱਲਿਤ ਸੀ ਅਤੇ ਕੁਝ ਸਮੇਂ ਬਾਅਦ 'ਮੁੰਡਨ ਸੰਸਕਾਰ' ਕੀਤਾ ਜਾਂਦਾ ਸੀ। ਹਿੰਦੂਆਂ ਦਾ ਬੱਚਾ ਜਦੋਂ ਪੰਜ ਸਾਲ ਦਾ ਹੋ ਜਾਂਦਾ ਸੀ ਤਾਂ ਉਸ ਨੂੰ ਪਾਠਸ਼ਾਲਾ ਵਿੱਚ ਕਈ ਰੀਤਾਂ ਅਨੁਸਾਰ ਭੇਜਿਆ ਜਾਂਦਾ ਸੀ। ਮੁਸਲਮਾਨਾਂ ਵਿੱਚ ਵੀ ਬੱਚੇ ਨੂੰ ਸਕੂਲ ਭੇਜਣ ਸਮੇਂ ਇੱਕ ਰਸਮ ਪ੍ਰਚੱਲਿਤ ਸੀ। ਮੁਸਲਮਾਨਾਂ ਵਿੱਚ 'ਬਿਸਮਿੱਲਾਹ ਖ਼ਾਨੀ' ਅਰਥਾਤ ਬੱਚੇ ਨੂੰ ਸਕੂਲ ਭੇਜਣ ਦੀ ਰਸਮ ਉਸ ਸਮੇਂ ਕੀਤੀ ਜਾਂਦੀ ਸੀ, ਜਦੋਂ ਬੱਚਾ ਚਾਰ ਸਾਲ ਚਾਰ ਮਹੀਨੇ ਚਾਰ ਦਿਨ ਦਾ ਹੁੰਦਾ ਸੀ। ਜਦੋਂ ਬੱਚਾ ਸੱਤ ਸਾਲ ਦਾ ਹੋ ਜਾਂਦਾ ਸੀ ਤਾਂ ਉਸ ਦੀ 'ਮੁਸਲਮਾਨੀ' ਦੀ ਰਸਮ ਕੀਤੀ ਜਾਂਦੀ ਸੀ। ਹਿੰਦੂਆਂ ਦੀਆਂ ਉੱਚੀਆਂ ਜਾਤੀਆਂ ਵਿੱਚ ਜਦੋਂ ਬੱਚਾ ਨੌਂ ਸਾਲ ਦਾ ਹੋ ਜਾਂਦਾ ਸੀ ਤਾਂ ਉਸ ਦੀ 'ਜਨੇਊ' ਅਰਥਾਤ ਪਵਿੱਤਰ ਧਾਗਾ ਪਹਿਨਾਉਣ ਦੀ ਰਸਮ ਕੀਤੀ ਜਾਂਦੀ ਸੀ। ਇਸ ਤੋਂ ਇਲਾਵਾ ਵਿਆਹ ਅਤੇ ਮੌਤ ਦੇ ਸਮੇਂ ਅਨੇਕਾਂ ਪ੍ਰਕਾਰ ਦੇ ਰੀਤੀ-ਰਿਵਾਜਾਂ ਦੀ ਪਾਲਣਾ ਕੀਤੀ ਜਾਂਦੀ ਸੀ। ਇਨ੍ਹਾਂ ਸਾਰੀਆਂ ਰਸਮਾਂ ਵਿੱਚ ਹਿੰਦੂਆਂ ਵਿੱਚ ਬ੍ਰਾਹਮਣ ਅਤੇ ਮੁਸਲਮਾਨਾਂ ਵਿੱਚ ਮੁੱਲਾ ਦਾ ਸ਼ਾਮਿਲ ਹੋਣਾ ਬਹੁਤ ਜ਼ਰੂਰੀ ਹੁੰਦਾ ਸੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਇਨ੍ਹਾਂ ਸਾਰੇ ਰੀਤੀ-ਰਿਵਾਜਾਂ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਹੈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ ਵਿੱਚ ਇਨ੍ਹਾਂ ਅੰਧ ਵਿਸ਼ਵਾਸਾਂ ਅਤੇ ਰੀਤੀ-ਰਿਵਾਜਾਂ ਨੂੰ ਵਿਅਰਥ ਦੱਸਿਆ ਹੈ ਭਾਵ ਕਿ ਇਹ ਸਪੱਸ਼ਟ ਕੀਤਾ ਹੈ ਕਿ ਇਹ ਸਭ ਇੱਕ ਤਰ੍ਹਾਂ ਨਾਲ ਵਹਿਮ-ਭਰਮ ਹਨ।[5]

**ਸਦਾਚਾਰ ਦੀ ਗਿਰਾਵਟ-** ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੂ ਅਤੇ ਮੁਸਲਮਾਨ ਇੱਕ-ਦੂਜੇ ਨਾਲ ਨਫ਼ਰਤ ਕਰਦੇ ਸਨ। ਨੀਵੀਆਂ ਸ਼੍ਰੇਣੀਆਂ ਦੇ ਲੋਕਾਂ ਨਾਲ ਉੱਚੀਆਂ ਸ਼੍ਰੇਣੀਆਂ ਦੇ ਲੋਕਾਂ ਵੱਲੋਂ ਭੇਦ-ਭਾਵ ਵੀ ਕੀਤਾ ਜਾਂਦਾ ਸੀ। ਸਰਕਾਰੀ ਮੁਲਾਜ਼ਮ ਬਹੁਤ ਭ੍ਰਿਸ਼ਟ ਸਨ। ਗੁਰੂ ਸਾਹਿਬ ਰਚਿਤ ਸਾਹਿਤ 'ਚੋਂ ਇਹ ਵੀ ਪਤਾ ਚੱਲਦਾ ਹੈ ਕਿ ਬ੍ਰਾਹਮਣ ਅਤੇ ਮੁੱਲਾ ਵੀ ਸਵਾਰਥੀ ਸਨ। ਇਹ ਗੱਲ ਵੀ ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਲੋਕ ਨੈਤਿਕਤਾ ਦੇ ਨਿਯਮਾਂ ਦੀ ਪਾਲਣਾ ਬਿਲਕੁਲ ਵੀ ਨਹੀਂ ਕਰਦੇ

---

5 Indubhusan Banerjee, *Evolution of the Khalsa: The Foundation of the Sikh Panth*, Vol. I, University of Calcutta, Kolkata, 1936, pp. 52-53.

ਸਨ। ਲੋਕ ਪੂਰੀ ਤਰ੍ਹਾਂ ਨਾਲ ਹਨੇਰੇ ਵਿੱਚ ਜੀਵਨ ਬਤੀਤ ਕਰਦੇ ਸਨ।[6]

**ਸਮਕਾਲੀਨ ਸਮਾਜਿਕ ਹਾਲਾਤਾਂ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ-** ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਮਾਜਿਕ ਹਾਲਾਤਾਂ ਬਾਰੇ ਅਨੇਕਾਂ ਪ੍ਰਕਾਰ ਦੇ ਵਿਚਾਰ ਆਪਣੀਆਂ ਰਚਨਾਵਾਂ ਵਿੱਚ ਦਿੱਤੇ ਹਨ। ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਤੋਂ ਇਹ ਪਤਾ ਚੱਲਦਾ ਹੈ ਕਿ ਉਸ ਸਮੇਂ ਦੇ ਲੋਕ ਅਨੇਕਾਂ ਪ੍ਰਕਾਰ ਦੇ ਵਹਿਮ-ਭਰਮ ਕਰਦੇ ਸਨ। ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਸੰਬੰਧਿਤ ਜਨਮ-ਸਾਖੀਆਂ ਵਿੱਚ 'ਸੂਤਕ' ਅਤੇ ਬਾਲਕ ਨੂੰ 'ਜਨੇਊ' ਪਹਿਨਾਉਣ ਦੇ ਰਿਵਾਜ ਬਾਰੇ ਜਾਣਕਾਰੀ ਦਿੱਤੀ ਮਿਲਦੀ ਹੈ। ਮੁਸਲਮਾਨ ਲੋਕ ਮੌਤ ਹੋਣ ਉਪਰੰਤ ਲਾਸ਼ ਦਫ਼ਨਾਉਂਦੇ ਸਨ ਅਤੇ ਹਿੰਦੂ ਲੋਕ ਲਾਸ਼ ਨੂੰ ਜਲਾਉਂਦੇ ਸਨ। ਇਹ ਵੀ ਪਤਾ ਚੱਲਦਾ ਹੈ ਕਿ ਉਸ ਸਮੇਂ ਦੇ ਲੋਕਾਂ ਵਿੱਚ ਕਈ ਕਥਾਵਾਂ ਵੀ ਪ੍ਰਚੱਲਿਤ ਸਨ। ਇਹ ਕਥਾਵਾਂ ਸ੍ਰੀ ਰਾਮ ਚੰਦਰ ਅਤੇ ਸ੍ਰੀ ਕ੍ਰਿਸ਼ਨ ਨਾਲ ਸੰਬੰਧਿਤ ਸਨ। ਉਸ ਸਮੇਂ ਦੇ ਲੋਕਾਂ ਵਿੱਚ ਮੱਥੇ 'ਤੇ ਤਿਲਕ ਲਗਾਉਣ ਦਾ ਰਿਵਾਜ ਵੀ ਸੀ। ਇਹ ਤਿਲਕ ਉੱਚ ਜਾਤੀ ਦੇ ਹਿੰਦੂ ਲੋਕ ਲਗਾਉਂਦੇ ਸਨ। ਗੁਰੂ ਨਾਨਕ ਦੇਵ ਜੀ ਨੇ ਇਹ ਵੀ ਦੱਸਿਆ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਆਪਸੀ ਭੇਦ-ਭਾਵ ਵੀ ਬਹੁਤ ਜ਼ਿਆਦਾ ਸੀ। ਹਿੰਦੂ ਅਤੇ ਮੁਸਲਮਾਨ ਆਪਸ ਵਿੱਚ ਨਫ਼ਰਤ ਵੀ ਕਾਫ਼ੀ ਕਰਦੇ ਸਨ। ਮੁਸਲਮਾਨ ਲੋਕ 'ਰਹੀਮ' ਨੂੰ ਮੰਨਦੇ ਸਨ ਅਤੇ ਹਿੰਦੂ ਲੋਕ 'ਰਾਮ' ਨੂੰ ਮੰਨਦੇ ਸਨ। ਉਸ ਸਮੇਂ ਇਸਤਰੀਆਂ ਨਾਲ ਬਹੁਤ ਬੁਰਾ ਸਲੂਕ ਕੀਤਾ ਜਾਂਦਾ ਸੀ। ਇਸਤਰੀਆਂ ਦੀ ਹਾਲਤ ਚੰਗੀ ਨਹੀਂ ਸੀ। ਉਸ ਸਮੇਂ ਸਤੀ-ਪ੍ਰਥਾ ਵੀ ਪ੍ਰਚੱਲਿਤ ਸੀ। ਗੁਰੂ ਨਾਨਕ ਦੇਵ ਜੀ ਇਹ ਵੀ ਬਿਆਨ ਕਰਦੇ ਹਨ ਕਿ ਉਸ ਸਮੇਂ ਦੇ ਦੁਕਾਨਦਾਰ ਧੋਖੇਬਾਜ਼, ਸਰਕਾਰੀ ਕਰਮਚਾਰੀ ਰਿਸ਼ਵਤਖ਼ੋਰ, ਬ੍ਰਾਹਮਣ, ਕਾਜ਼ੀ ਅਤੇ ਮੁੱਲਾ ਪਾਖੰਡੀ ਸਨ। ਇਸ ਤਰ੍ਹਾਂ ਪਤਾ ਚੱਲਦਾ ਹੈ ਕਿ ਉਸ ਸਮੇਂ ਦਾ ਸਮਾਜਿਕ ਢਾਂਚਾ ਪੂਰੀ ਤਰ੍ਹਾਂ ਨਾਲ ਵਿਗੜਿਆ ਹੋਇਆ ਸੀ।

**ਸਿੱਟਾ:-** ਉਪਰੋਕਤ ਤੱਥਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਵ ਕਿ 16ਵੀਂ ਸਦੀ ਵਿੱਚ ਸਮਾਜਿਕ ਹਾਲਾਤ ਬਹੁਤ ਖ਼ਰਾਬ ਸਨ। ਮੁਸਲਿਮ ਅਤੇ ਹਿੰਦੂ ਦੋਵੇਂ ਧਰਮਾਂ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਫ਼ੈਲੀਆਂ ਹੋਈਆਂ ਸਨ। 16ਵੀਂ ਸਦੀ ਵਿੱਚ ਇਸਤਰੀਆਂ ਦੀ ਹਾਲਤ ਬਹੁਤ ਖ਼ਰਾਬ ਸੀ। ਇਸਤਰੀਆਂ ਨੂੰ ਬਹੁਤ ਨੀਵਾਂ ਸਮਝਿਆ ਜਾਂਦਾ ਸੀ। ਹਿੰਦੂ ਅਤੇ ਮੁਸਲਮਾਨ ਦੋਵੇਂ ਧਰਮਾਂ ਵਿੱਚ ਇਸਤਰੀਆਂ ਨੂੰ ਸਿੱਖਿਆ ਤੋਂ ਦੂਰ ਰੱਖਿਆ ਜਾਂਦਾ ਸੀ ਅਤੇ ਸਿਰਫ਼ ਮਰਦਾਂ ਨੂੰ ਹੀ ਸਿੱਖਿਆ ਦਿੱਤੀ ਜਾਂਦੀ ਸੀ। ਸਮਾਜ ਵਿੱਚ ਬਹੁਤ ਸਾਰੇ ਲੋਕ ਅਨੇਕਾਂ ਵਹਿਮਾਂ-ਭਰਮਾਂ ਵਿੱਚ ਫਸੇ ਹੋਏ ਸਨ। ਵਿਧਵਾ ਇਸਤਰੀ ਨੂੰ ਦੁਬਾਰਾ ਵਿਆਹ ਕਰਵਾਉਣ ਦੀ ਮਨਾਹੀ ਸੀ। ਇਹ ਰੀਤ ਹਿੰਦੂ ਧਰਮ ਵਿੱਚ ਵੀ ਪ੍ਰਚੱਲਿਤ ਸੀ। ਮੁਸਲਮਾਨ ਧਰਮ ਵਿੱਚ ਇੱਕ ਤੋਂ ਵੱਧ ਇਸਤਰੀਆਂ ਨਾਲ ਵਿਆਹ ਕਰਨ ਦਾ ਰਿਵਾਜ ਵੀ ਪ੍ਰਚੱਲਿਤ ਸੀ। ਇਸ ਤੋਂ ਇਲਾਵਾ ਸਤੀ-ਪ੍ਰਥਾ, ਕੰਨਿਆ-ਹੱਤਿਆ, ਬਾਲ-ਵਿਆਹ, ਜਨਮ ਲੈਣ ਸਮੇਂ ਕੁੜੀ ਨੂੰ ਮਾਰਨਾ ਆਦਿ ਕੁਰੀਤੀਆਂ ਹਿੰਦੂ ਸਮਾਜ ਵਿੱਚ ਫ਼ੈਲੀਆਂ ਹੋਈਆਂ ਸਨ। ਲੋਕਾਂ ਦੇ ਪੂਰੀ ਤਰ੍ਹਾਂ ਨਾਲ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਵਿੱਚ ਫਸੇ ਹੋਣ ਕਾਰਨ 16ਵੀਂ ਸਦੀ ਦੇ ਸਮਾਜ ਦੇ ਹਾਲਾਤ ਬਹੁਤ ਤਰਸਯੋਗ ਸਨ।

[6] J.S. Grewal, *Guru Nanak in History*, Publication Bureau, Panjab University, Chandigarh, 1969, pp. 26-27.